# ਦੀ ਮੋਗਾ ਕੇਂਦਰੀ ਸਹਿਕਾਰੀ ਬੈਂਕ ਲਿਮ. ਮੋਗਾ

## (ਨੇੜੇ ਐਲ.ਆਈ.ਸੀ. ਬਿਲਡਿੰਗ, ਜੀ.ਟੀ. ਰੋਡ, ਮੋਗਾ)

# ਪਬਲਿਕ ਨੋਟਿਸ

ਦੀ ਮੋਗਾ ਕੇਂਦਰੀ ਸਹਿਕਾਰੀ ਬੈਂਕ ਲਿਮ. ਮੋਗਾ ਵਲੋਂ ਬੈਂਕ ਨਾਲ ਲਗਦੀਆਂ ਜੋਗੇਵਾਲਾ, ਦੁੱਨੇਕੇ, ਚੋਟੀਆਂ ਕਲਾਂ, ਸਾਫੂਵਾਲਾ, ਲੰਡੇਕੇ, ਬੁੱਘੀਪੁਰਾ, ਗਾਜੀਆਣਾ, ਲੁਹਾਰਾ, ਕੋਟ ਈਸੇ ਖਾਂ, ਬਾਜੇਕੇ, ਸ਼ੇਰਪੁਰ ਤਾਇਬਾ, ਬਲਖੰਡੀ, ਲਧਾਈ ਕੇ, ਕੋਟਲਾ ਮੇਹਰ ਸਿੰਘ ਵਾਲਾ ਅਤੇ ਆਲਮਵਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਵਿਚ ਆਊਟ ਸੋਰਸਿੰਗ ਰਾਹੀਂ Business Correspondents ਨਿਯੁਕਤ ਕੀਤੇ ਜਾਣੇ ਹਨ। Business Correspondents ਨੂੰ 10000/- ਤੋਂ 15000/- ਰੁਪਏ ਤੱਕ (ਸਭਾ ਦੇ ਕਰਜ਼ੇ ਅਨੁਸਾਰ) Remuneration ਅਦਾ ਕੀਤਾ ਜਾਵੇਗਾ। ਮੁਢਲੀ ਨਿਯੁਕਤੀ 01 ਸਾਲ ਵਾਸਤੇ ਹੋਵੇਗੀ Appointing authority ਅਤੇ Yearly Review ਵਲੋਂ ਉਪਰੰਤ ਅਗਲੇਰੀ Extension ਦਿੱਤੀ ਜਾਵੇਗੀ।

**ਵਿਦਿਅਕ ਯੋਗਤਾ**

- **ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ**
- **ਦਸਵੀਂ ਪੱਧਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ।**
- **ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ 'ੳ' ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵਲੋਂ** ਪ੍ਰਵਾਨਿਤ ਕਿਸੇ ਸੰਸਥਾ ਜਾਂ ਕਿਸੇ ਮਸ਼ਹੂਰ ਸੰਸਥਾ ਜੋ ISO9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋਂ ਘੱਟੋ ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ: ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫਰਮੇਸ਼ਨ ਟੈਕਨਾਲੋਜੀ ਵਿਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ।
- **ਉਮੀਦਵਾਰ ਸਬੰਧਤ ਸਭਾ ਦੇ ਕਾਰਜ ਖੇਤਰ ਦਾ ਵਸਨੀਕ ਹੋਣਾ ਚਾਹੀਦਾ ਹੈ।**

ਉਮਰ : ਪ੍ਰਾਰਥੀ ਦੀ ਉਮਰ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਨੂੰ ਘੱਟੋ ਘੱਟ 25 ਸਾਲ ਅਤੇ ਵੱਧ ਤੋਂ ਵੱਧ 45 ਸਾਲ ਹੋਵੇ।

ਸਿਲੈਕਟ ਕੀਤੇ Business Correspondents ਨੂੰ 01 ਏਕੜ ਜਮੀਨ ਬੈਂਕ ਦੇ ਹੱਕ ਵਿਚ Mortgage ਕਰਵਾਉਣੀ ਹੋਵੇਗੀ। ਜਮੀਨ ਦੀ ਉਪਲੱਬਧਤਾ ਨਾ ਹੋਣ ਦੀ ਸੂਰਤ ਵਿਚ 1.00 ਲੱਖ ਰੁਪਏ ਦੀ ਬੈਂਕ ਗਰੰਟੀ ਦੇਣੀ ਹੋਵੇਗੀ।

ਸ਼ਰਤਾਂ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵਲੋਂ ਪੱਤਰ ਨੰ. RCS/Credit-2/CEA-3/2148 ਮਿਤੀ 02.11.2021 ਰਾਹੀਂ ਜਾਰੀ ਪਾਲਿਸੀ (ਸਮੇਂ ਸਮੇਂ ਸਿਰ ਹੋਣ ਵਾਲੀ ਸੋਧ) ਅਨੁਸਾਰ ਹੋਣਗੀਆਂ।

ਉਪਰੋਕਤ ਯੋਗਤਾਵਾਂ ਪੂਰੀਆਂ ਕਰਨ ਵਾਲੇ ਪ੍ਰਾਰਥੀ ਰਜਿਸਟਰਡ ਪੋਸਟ/ਦਸਤੀ ਆਪਣਾ ਪ੍ਰਾਰਥਨਾ ਪੱਤਰ ਜਿਸ ਵਿਚ ਪ੍ਰਾਰਥੀ ਦਾ ਨਾਮ, ਪਿਤਾ ਦਾ ਨਾਮ, ਜਨਮ ਮਿਤੀ, ਪਾਸਪੋਰਟ ਸਾਈਜ਼ ਤਸਦੀਕਸ਼ੁਦਾ ਫੋਟੋ, ਮੋਬਾਇਲ ਨੰਬਰ, ਈਮੇਲ ਆਈ.ਡੀ. ਪੱਕਾ ਪਤਾ, ਲਿੰਗ, ਵਿਦਿਅਕ ਯੋਗਤਾ ਦਾ ਵੇਰਵਾ ਹੋਵੇ, ਸਮੇਤ ਵਿਦਿਅਕ ਯੋਗਤਾ ਸਰਟੀਫਿਕੇਟਾਂ, ਪੱਕੇ ਪਤੇ ਦੇ ਸਬੂਤ ਅਤੇ ਆਧਾਰ ਕਾਰਡ ਦੀਆਂ ਤਸਦੀਕਸ਼ੁਦਾ ਕਾਪੀਆਂ ਪ੍ਰਾਰਥਨਾ ਪੱਤਰ ਨਾਲ ਲਗਾ ਕੇ ਬੈਂਕ ਦੇ ਮੁੱਖ ਦਫਤਰ (ਦੀ ਮੋਗਾ ਕੇਂਦਰੀ ਸਹਿਕਾਰੀ ਬੈਂਕ ਲਿਮ. ਮੋਗਾ ਨੇੜੇ ਐਲ.ਆਈ.ਸੀ. ਬਿਲਡਿੰਗ ਜੀ.ਟੀ. ਰੋਡ, ਮੋਗਾ) ਵਿਖੇ ਮਿਤੀ 01.12.2021 ਤੱਕ ਸ਼ਾਮ 5.00 ਵਜੇ ਤੱਕ ਭੇਜ ਸਕਦੇ ਹਨ।

ਨੋਟ : Business Correspondents ਦੀ ਸਿਲੈਕਸ਼ਨ ਕਰਨ ਸਬੰਧੀ ਮਾਪਦੰਡ ਅਪਣਾਉਣ ਦਾ ਅਧਿਕਾਰ ਜ਼ਿਲ੍ਹਾ ਪੱਧਰੀ ਕਮੇਟੀ (Appointing authority) ਪਾਸ ਹੋਵੇਗਾ ਜਿਸ ਦੀ ਸੂਚਨਾ ਬੈਂਕ ਦੀ ਵੈਬਸਾਈਟ http://www.coopbankmoga.com/ ਤੇ ਅਪਲੋਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਭਾਵਾਂ ਅਤੇ ਉਨ੍ਹਾਂ ਦੇ ਕਾਰਜ ਖੇਤਰ ਸਬੰਧੀ ਸੂਚਨਾ ਬੈਂਕ ਦੀ ਵੈਬਸਾਈਟ ਤੇ ਵੇਖੀ ਜਾ ਸਕਦੀ ਹੈ। ਪੋਸਟਾਂ ਦੀ ਗਿਣਤੀ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ ਅਤੇ ਇਸ ਸਾਰੀ ਪ੍ਰਕਿਰਿਆ ਦੌਰਾਨ ਸਿਲੈਕਸ਼ਨ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। ਇੰਟਰਵਿਊ ਸਬੰਧੀ ਸੂਚਨਾ ਜਾਂ ਭਵਿੱਖ ਵਿਚ ਕੋਈ ਹੋਰ ਸੂਚਨਾ ਕੇਵਲ ਬੈਂਕ ਦੀ ਵੈਬਸਾਈਟ ਤੇ ਹੀ ਅਪਲੋਡ ਕੀਤੀ ਜਾਵੇਗੀ।

**ਜ਼ਿਲ੍ਹਾ ਮੈਨੇਜਰ,**

**ਦੀ ਮੋਗਾ ਕੇਂਦਰੀ ਸਹਿਕਾਰੀ ਬੈਂਕ ਲਿਮ., ਮੋਗਾ।**